GURMAT CENTER SINCE 1993

# 2019 ਨਿਊਜ਼ਲੈਟਰ

## ਸਾਲਾਨਾ ਇਮਤਿਹਾਨ ਸ਼ੁਰੂ ਹੋ ਰਹੇ ਹਨ!

ਜਿਸ ਤਰਾਂ ਆਪ ਜੀ ਜਾਣਦੇ ਹੀ ਹੋ ਕਿ ਬੱਚਿਆਂ ਦੇ ਸਾਲਾਨਾ ਇਮਤਿਹਾਨ ਨੇੜੇ ਆ ਰਹੇ ਹਨ। ਕ੍ਰਿਪਾ ਕਰਕੇ ਇਹ ਯਕੀਨੀ ਬਣਾਓ ਕਿ ਆਪ ਜੀ ਦਾ ਬੱਚਾ ਇਮਤਿਹਾਨ ਦੀ ਚੰਗੀ ਤਰਾਂ ਤਿਆਰੀ ਕਰੇ ਅਤੇ ਚੰਗੇ ਨੰਬਰ ਲੈ ਕੇ ਅਗਲੀ ਜਮਾਤ ਵਿੱਚ ਪਹੁੰਚੇ। ਇਸ ਲਈ ਜਰੂਰੀ ਹੈ ਕਿ ਬੱਚਾ ਹਰ ਰੋਜ ਪੜਨ੍ਹ ਲਈ ਬੈਠੇ। ਇਮਤਿਹਾਨ ਵਾਲੇ ਦਿਨ ਜਮਾਤ ਵਿੱਚ ਸਮੇਂ ਸਿਰ ਪਹੁੰਚਣਾ ਬਹੁਤ ਜਰੂਰੀ ਹੈ। ਧਾਰਮਿਕ ਟੈਸਟ ਲਈ ਪੰਜਾਬੀ ਕਿਤਾਬ ਦੇ ਜਾਮਨੀ ਪੇਪਰ ਦੇ ਦੋਹਾਂ ਪਾਸਿਆਂ ਨੂੰ ਯਾਦ ਕਰਕੇ ਆਉਣਾ ਜ਼ਰੂਰੀ ਹੈ। ਇਮਤਿਹਾਨ ਦੀਆਂ ਤਰੀਕਾਂ ਅਤੇ ਸਮਾਂ ਥੱਲੇ ਲਿਖਿਆ ਹੈ।

## 26ਵਾਂ ਸਾਲਾਨਾ ਇਨਾਮ-ਵੰਡ ਸਮਾਰੋਹ

### ਜੂਨ 8, 2019 at Ag Rec Centre

ਇਸ ਵਾਰ ਗੁਰਮਤ ਸੈਂਟਰ ਦਾ ਇਨਾਮ-ਵੰਡ ਸਮਾਰੋਹ ਸਨਿੱਚਰਵਾਰ 8 ਜੂਨ, 2019 ਨੂੰ ਹੋ ਰਿਹਾ ਹੈ। ਜਿਹੜੇ ਵਿਦਿਆਰਥੀਆਂ ਨੇ ਸਾਲ ਭਰ ਮਿਹਨਤ ਕੀਤੀ ਹੈ ਉਹਨਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਜਿੱਥੇ ਪੰਜਾਬੀ, ਸੰਥਿਆ, ਗੱਤਕਾ, ਸਿੱਖ ਸਟਡੀਜ਼ ਅਤੇ ਕੀਰਤਨ ਕਲਾਸਾਂ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਦਿੱਤੀਆਂ ਜਾਣਗੀਆਂ ਉੱਥੇ ਨਿੱਕੀ ਗੁਰਸਿਖ ਸੰਗਤ ਅਤੇ ਗੁਰਬਾਣੀ ਕੰਠ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਵਲੰਟੀਅਰਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਸਾਰੇ ਬੱਚਿਆਂ ਅਤੇ ਮਾਪਿਆਂ ਲਈ ਡਰਾਅ ਕੱਢੇ ਜਾਣਗੇ। ਖਾਣ-ਪੀਣ ਲਈ ਪਕੌੜੇ, ਫਰਾਈਆਂ ਅਤੇ ਪੀਜ਼ੇ ਦਾ ਲੰਗਰ ਚੱਲੇਗਾ। ਪ੍ਰੋਗ੍ਰਾਮ ਦਾ ਸਮਾਂ ਸਵੇਰੇ 9 ਵਜੇ ਤੋਂ 2 ਵਜੇ ਤੱਕ ਹੋਵੇਗਾ। ਆਉਂਦੇ ਦਿਨਾਂ ਵਿੱਚ ਬੱਚਿਆਂ ਨੂੰ ਸੱਦਾ-ਪੱਤਰ ਦਿੱਤੇ ਜਾਣਗੇ ਜਿਸ ਵਿੱਚ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਸਾਰੇ ਪ੍ਰੀਵਾਰਾਂ ਨੂੰ ਆਪਣੀਆਂ ਸੀਟਾਂ ਪਹਿਲਾਂ ਹੀ ਬੁੱਕ ਕਰਨੀਆਂ ਜਰੂਰੀ ਹੋਣਗੀਆਂ।

## ਸੰਗਤਾਂ ਨੂੰ ਬੇਨਤੀ

ਗੁਰਮਿਤ ਸੈਂਟਰ ਇੱਕ ਲਾਭ-ਰਹਿਤ ਸੰਸਥਾ ਹੈ ਅਤੇ ਆਪ ਸੰਗਤਾਂ ਦੇ ਸਹਿਯੋਗ ਨਾਲ ਚੱਲਦਾ ਹੈ। ਇਨਾਮ-ਵੰਡ ਸਮਾਰੋਹ ਦਾ ਬੱਜਟ ਕਾਫ਼ੀ ਹੁੰਦਾ ਹੈ, ਸੋ ਕਿਰਪਾ ਕਰਕੇ ਆਪਣੇ ਦਸਵੰਧ ਵਿੱਚੋਂ ਟਰਾਫ਼ੀ ਸਪੌਂਸਰ ਕਰਕੇ ਜਾਂ ਹੋਰ ਮਾਇਕ ਸਹਾਇਤਾ ਨਾਲ ਮੱਦਦ ਕਰਨ ਦੀ ਕ੍ਰਿਪਾਲਤਾ ਕਰੋ ਜੀ। ਆਪ ਜੀ ਦੇ ਧੰਨਵਾਦੀ ਹੋਵਾਂਗੇ। ਸੰਪਰਕ ਕਰਨ ਲਈ 604-855-0020 ਤੇ ਫ਼ੋਨ ਕਰੋ ਜੀ।

## PUNJABI CLASS FINAL EXAM DATES

**(Passing mark is 70%)**

### ਲਿਖਤੀ ਇਮਤਿਹਾਨ

ਸੋਮਵਾਰ ਪਹਿਲਾ ਲੈਵਲ: 13 ਮਈ
ਮੰਗਲਵਾਰ ਪਹਿਲਾ ਲੈਵਲ: 14 ਮਈ
ਬੁੱਧਵਾਰ ਤੀਜਾ ਲੈਵਲ: 15 ਮਈ
ਵੀਰਵਾਰ ਦੂਜਾ ਲੈਵਲ: 16 ਮਈ
ਸ਼ੁੱਕਰਵਾਰ ਦੂਜਾ ਲੈਵਲ: 17 ਮਈ

### ਪੜ੍ਹਨਾ, ਗਿਣਤੀ ਅਤੇ ਧਾਰਮਿਕ ਇਮਤਿਹਾਨ

ਸੋਮਵਾਰ ਪਹਿਲਾ ਲੈਵਲ: 20 ਮਈ
ਮੰਗਲਵਾਰ ਪਹਿਲਾ ਲੈਵਲ: 21 ਮਈ
ਬੁੱਧਵਾਰ ਤੀਜਾ ਲੈਵਲ: 22 ਮਈ
ਵੀਰਵਾਰ ਦੂਜਾ ਲੈਵਲ: 23 ਮਈ
ਸ਼ੁੱਕਰਵਾਰ ਦੂਜਾ ਲੈਵਲ: 24 ਮਈ

## SANTHIA/ SIKH STUDIES EXAM DATES

**(Passing mark is 70%)**

### ਨਿਤਨੇਮ ਸੰਥਿਆ ਇਮਤਿਹਾਨ

ਸੋਮਵਾਰ: 20 ਮਈ
ਮੰਗਲਵਾਰ: 21 ਮਈ
ਵੀਰਵਾਰ: 23 ਮਈ
ਸ਼ੁੱਕਰਵਾਰ: 24 ਮਈ

ਇਮਤਿਹਾਨ ਤੋਂ ਬਾਅਦ ਉਸ ਹਫਤੇ ਕਲਾਸਾਂ ਨਹੀਂ ਹੋਣਗੀਆਂ।

### ਸਿੱਖ ਸਟੱਡੀਜ਼ ਇਮਤਿਹਾਨ

ਸ਼ੁੱਕਰਵਾਰ: 24 ਮਈ

## ਇਨਾਮ ਵੰਡ ਸਮਾਰੋਹ ਵਿੱਚ ਆਉਣ ਸਬੰਧੀ ਜਾਣਕਾਰੀ ਅਤੇ ਮੂਵੀ

ਸੋਮਵਾਰ ਪਹਿਲਾ & ਚੌਥਾ ਲੈਵਲ: 27 ਮਈ
ਮੰਗਲਵਾਰ ਪਹਿਲਾ & ਚੌਥਾ ਲੈਵਲ: 28 ਮਈ
ਬੁੱਧਵਾਰ ਤੀਜਾ & ਛੇਵਾਂ ਲੈਵਲ: 29 ਮਈ
ਵੀਰਵਾਰ ਦੂਜਾ ਲੈਵਲ: 30 ਮਈ
ਸ਼ੁੱਕਰਵਾਰ ਦੂਜਾ & ਪੰਜਵਾਂ ਲੈਵਲ: 31 ਮਈ